# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
## ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।

ਵੱਲ

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)।
2. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.)।
3. ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ।
4. ਸਮੂਹ ਪੜ੍ਹੋ ਪੰਜਾਬ ਕੋਆਰਡੀਨੇਟਰਜ਼।
5. ਸਮੂਹ ਬੀ.ਪੀ.ਈ.ਓਜ਼. ।
6. ਸਮੂਹ ਸੈਂਟਰ ਹੈੱਡ ਟੀਚਰ (ਵੈੱਬ-ਸਾਈਟ ਰਾਹੀਂ)।

ਮੀਮੋ ਨੰ:ਸਸਅ/ਐਮਸੀ/2011/ਸਪੈਸ਼ਲ-1
ਮਿਤੀ,ਚੰਡੀਗੜ੍ਹ 05-01-2011

ਵਿਸ਼ਾ :- ਸਾਇੰਸ ਅਤੇ ਮੈਥ ਵਿਸ਼ਿਆਂ ਦੀ ਮਿਤੀ 08-01-2011 ਨੂੰ ਹੋਣ ਵਾਲੀ ਪ੍ਰਤੀਯੋਗੀ ਪ੍ਰੀਖਿਆ ਸਬੰਧੀ।

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਦੱਸਿਆ ਜਾਂਦਾ ਹੈ ਕਿ ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਪ੍ਰਾਇਮਰੀ ਸਕੂਲਾਂ ਦੇ ਬੱਚਿਆਂ ਨੂੰ ਮਿਤੀ 10-01-2011 ਤੱਕ ਜ਼ਿਆਦਾ ਸਰਦੀ ਪੈਣ ਕਾਰਨ ਛੁੱਟੀਆਂ ਕੀਤੀਆਂ ਗਈਆਂ ਹਨ ਪਰ ਇੱਥੇ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਮਿਤੀ 08-01-2011 ਨੂੰ ਹੋਣ ਵਾਲੀ ਪੰਜਵੀਂ ਜਮਾਤ ਦੀ ਮੈਥ ਅਤੇ ਅੱਠਵੀਂ ਜਮਾਤ ਦੀ ਮੈਥ ਅਤੇ ਸਾਇੰਸ ਵਿਸ਼ਿਆਂ ਦੀ ਪ੍ਰਤੀਯੋਗੀ ਪ੍ਰੀਖਿਆ ਮਿੱਥੇ ਸਮੇਂ ਅਤੇ ਮਿੱਥੇ ਸੈਂਟਰ ਤੇ ਹੋਵੇਗੀ। ਇਸ ਲਈ ਜਿਨ੍ਹਾਂ ਵਿਦਿਆਰਥੀਆਂ ਨੇ ਮਿਤੀ 08-01-2011 ਨੂੰ ਪੰਜਵੀਂ ਜਮਾਤ ਦੇ ਮੈਥ ਵਿਸ਼ੇ ਦੀ ਪ੍ਰਤੀਯੋਗੀ ਪ੍ਰੀਖਿਆ ਵਿੱਚ ਹਿੱਸਾ ਲੈਣਾ ਹੈ। ਉਨ੍ਹਾਂ ਨੂੰ ਹਰ ਹਾਲਤ ਵਿੱਚ ਮਿੱਥੇ ਗਏ ਸੈਂਟਰਾਂ ਤੇ ਪਹੁੰਚਾਉਣਾ ਸਬੰਧਤ ਅਧਿਆਪਕਾਂ ਦੀ ਜ਼ਿੰਮੇਵਾਰੀ ਹੈ ਤਾਂ ਜੋ ਸਾਇੰਸ/ਮੈਥ ਪ੍ਰਤੀਯੋਗੀ ਪ੍ਰੀਖਿਆ ਸਫ਼ਲਤਾਪੂਰਵਕ ਕਰਵਾਈ ਜਾ ਸਕੇ।

3.0 ਇਸ ਸਬੰਧੀ ਪਾਈ ਗਈ ਕੋਤਾਹੀ ਲਈ ਸਬੰਧਤ ਸਕੂਲ ਮੁੱਖੀ ਅਤੇ ਅਧਿਆਪਕ ਜ਼ਿੰਮੇਵਾਰ ਹੋਵੇਗਾ।

4.0 ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ,ਚੰਡੀਗੜ੍ਹ